
## ਬਿਮਾਰੀਆਂ ਅਤੇ ਉਨ੍ਹਾਂ ਦੀ ਰੋਕਥਾਮ

### ਪੱਤਾ ਮਰੋੜ (Leaf Curl)



ਇਹ ਵਿਸ਼ਾਣੂ ਰੋਗ ਚਿੱਟੀ ਮੱਖੀ ਦੁਆਰਾ ਫੈਲਦਾ ਹੈ। ਪੱਤੇ ਕੱਪ ਦੀ ਸ਼ਕਲ ਵਰਗੇ ਬਣ ਜਾਂਦੇ ਹਨ। ਪੱਤਿਆਂ ਦੀਆਂ ਨਾੜਾਂ ਮੋਟੀਆਂ ਅਤੇ ਗੂੜ੍ਹੇ ਹਰੇ ਰੰਗ ਦੀਆਂ ਹੋ ਜਾਂਦੀਆਂ ਹਨ। ਬੂਟਾ ਛੋਟਾ ਰਹਿ ਜਾਂਦਾ ਹੈ ਅਤੇ ਝਾੜੀ-ਨੁਮਾ ਬਣ ਜਾਂਦਾ ਹੈ। ਫ਼ਸਲ ਦਾ ਝਾੜ ਘਟ ਜਾਂਦਾ ਹੈ। ਇਸ ਦੀ ਰੋਕਥਾਮ ਲਈ ਨਰਮੇ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਸਿਫਾਰਸ਼ ਢੰਗ ਅਪਣਾਉ।

### ਪੈਰਾ ਵਿਲਟ (Para Wilt)




ਇਹ ਰੋਗ ਬੂਟੇ ਵਿੱਚ ਕਿਸੇ ਜੀਵਾਣੂ ਜਾਂ ਵਿਸ਼ਾਣੂ ਕਾਰਨ ਨਹੀਂ ਹੁੰਦਾ। ਫ਼ਸਲ ਨੂੰ ਲੰਮੇ ਸੋਕੇ ਤੋਂ ਬਾਅਦ ਜਦੋਂ ਪਾਣੀ ਲਾਇਆ ਜਾਵੇ ਜਾਂ ਭਾਰਾ ਮੀਂਹ ਪੈ ਜਾਵੇ ਤਾਂ ਹਰੇ ਪੱਤੇ ਅਚਾਨਕ ਮੁਰਝਾ ਜਾਂਦੇ ਹਨ ਅਤੇ ਕੁਝ ਦਿਨਾਂ ਬਾਅਦ ਝੜ ਜਾਂਦੇ ਹਨ। ਬੂਟਿਆਂ ਦੀਆਂ ਜੜ੍ਹਾਂ ਉੱਪਰ ਕੋਈ ਮਾੜਾ ਅਸਰ ਦਿਖਾਈ ਨਹੀਂ ਦਿੰਦਾ। ਇਸਦੀ ਰੋਕਥਾਮ ਲਈ ਮੁੱਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ ਇੱਕ ਲਿਟਰ ਪਾਣੀ ਵਿੱਚ 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਘੋਲ ਕੇ ਛਿੜਕਾਅ ਕਰੋ।

### ਜੜ੍ਹਾਂ ਦਾ ਗਲਣਾ (Root Rot)



ਇਹ ਬੀਮਾਰੀ ਇਕ ਉੱਲੀ ਨਾਲ ਲੱਗਦੀ ਹੈ। ਇਸ ਨਾਲ ਪ੍ਰਭਾਵਤ ਬੂਟੇ ਅਚਾਨਕ ਪੂਰੀ ਤਰ੍ਹਾਂ ਕੁਮਲਾ ਜਾਂਦੇ ਹਨ ਅਤੇ ਆਰਾਮ ਨਾਲ ਪੁੱਟੇ ਜਾਂਦੇ ਹਨ। ਇਨ੍ਹਾਂ ਬੂਟਿਆਂ ਦੀਆਂ ਜੜ੍ਹਾਂ ਦਾ ਛਿਲਕਾ ਗਲ ਕੇ ਜਾਲੀ ਵਰਗਾ ਬਣ ਜਾਂਦਾ ਹੈ ਅਤੇ ਉਨ੍ਹਾਂ ਚੋਂ ਬਦਬੂ ਆਉਂਦੀ ਹੈ। ਇਹ ਬੀਮਾਰੀ ਖੇਤ ਵਿੱਚ ਗੋਲ ਆਕਾਰ ਦੀਆਂ ਧੌੜੀਆਂ 'ਚ ਨਜ਼ਰ ਆਉਂਦੀ ਹੈ।

### ਧੱਬਿਆਂ ਦਾ ਰੋਗ (Leaf Spot)



ਰੋਗੀ ਬੂਟਿਆਂ ਦੇ ਪੱਤਿਆਂ, ਟਾਹਣੀਆਂ ਅਤੇ ਟੀਂਡਿਆਂ ਉੱਪਰ ਛੋਟੇ, ਗੋਲ, ਲਾਲ ਰੰਗ ਦੇ ਧੱਬੇ ਪੈ ਜਾਂਦੇ ਹਨ। ਇਹ ਬਿਮਾਰੀ ਛੋਟੇ ਬੂਟਿਆਂ ਦਾ ਵਧੇਰੇ ਨੁਕਸਾਨ ਕਰਦੀ ਹੈ।

### ਬੈਕਟੀਰੀਅਲ ਬਲਾਈਟ (Bacterial Blight)



ਇਹ ਬਿਮਾਰੀ ਜੀਵਾਣੂਆਂ ਕਰਕੇ ਹੁੰਦੀ ਹੈ। ਪੱਤਿਆਂ ਦੇ ਦੋਵੇਂ ਪਾਸੇ ਪਾਣੀ ਭਿੱਜੇ ਜਿਹੇ ਨੋਕਦਾਰ ਧੱਬੇ ਪੈ ਜਾਂਦੇ ਹਨ। ਰੋਗੀ ਬੂਟਿਆਂ ਦੇ ਟੀਂਡਿਆਂ ਉੱਪਰ ਵੀ ਛੋਟੇ ਗੋਲ ਪਾਣੀ ਭਿੱਜੇ ਧੱਬੇ ਵਿਚਕਾਰੋਂ ਅੰਦਰ ਨੂੰ ਧੱਸੇ ਹੁੰਦੇ ਹਨ।


ਪੱਤਿਆਂ ਤੇ ਉਲੀਆਂ ਦੇ ਧੱਬਿਆਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ (ਐਜੋਕਸੀਸਟਰੋਬਿਨ + ਡਾਈਫੈਨੋਕੋਨਾਜ਼ੋਲ) ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਲੋੜ ਪੈਣ ਤੇ 15-20 ਦਿਨਾਂ ਦੇ ਵਕਫੇ ਤੇ ਇਹ ਛਿੜਕਾਅ ਦੋਹਰਾਉ।

# ਨਰਮੇ ਵਿੱਚ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ









An Initiative of TATA TRUSTS


ਹਰਮਨਦੀਪ ਸਿੰਘ, ਕੁਲਬੀਰ ਸਿੰਘ ਬਰਾੜ
ਇੰਦਰ ਮੋਹਣ ਛਿੱਬਾ, ਬਲਜਿੰਦਰ ਸਿੰਘ, ਅਮਰੀਕ ਸਿੰਘ ਸੋਹੀ, ਗੁਲਜ਼ਾਰ ਸਿੰਘ ਚਹਿਲ

ਆਰ.ਜੀ.ਆਰ. ਸੈੱਲ (ਟਾਟਾ ਟਰੱਸਟਸ)

ਕਮਿਊਨੀਕੇਸ਼ਨ ਸੈਂਟਰ ਬਿਲਡਿੰਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ

## ਫਸਲ ਲਈ ਸਰਵੇਖਣ ਵਿਧੀ

| ਹਾਨੀਕਾਰਕ ਕੀੜੇ ਦਾ ਨਾਂ | ਨੁਕਸਾਨ ਕਰਨ ਦਾ ਸਮਾਂ | ਨੁਕਸਾਨ ਕਰਨ ਦੀ ਅਵਸਥਾ | ਆਰਥਿਕ ਨੁਕਸਾਨ ਹੱਦ |
|---|---|---|---|
| **ਚਿੱਟੀ ਮੱਖੀ** | ਜੁਲਾਈ-ਅਕਤੂਬਰ | ਬਾਲਗ ਅਤੇ ਬੱਚਾ | 6 ਬਾਲਗ ਮੱਖੀਆਂ ਪ੍ਰਤੀ ਪੱਤਾ ਜਾਂ 50% ਬੂਟਿਆਂ ਉੱਪਰ ਸ਼ਹਿਦ ਵਰਗੀਆਂ ਬਰੀਕ ਬੂੰਦਾਂ ਵਰਗਾ ਮਲ-ਤਿਆਗ ਦਾ ਨਜ਼ਰ ਆਉਣਾ। |
| **ਹਰਾ ਤੇਲਾ** | ਜੁਲਾਈ-ਸੰਤਬਰ | ਬਾਲਗ ਅਤੇ ਬੱਚਾ | 50% ਬੂਟਿਆਂ ਉੱਪਰ ਪੂਰੇ ਬਣੇ ਪੱਤਿਆਂ ਦੀਆਂ ਕੰਨੀਆਂ ਪੀਲੀਆਂ ਪੈ ਜਾਣ। |
| **ਟੀਂਡੇ ਕਾਣੇ ਕਰਨ ਵਾਲੀਆਂ ਸੁੰਡੀਆਂ** | ਜੁਲਾਈ-ਅਕਤੂਬਰ | | 5% ਤਾਜ਼ੀਆਂ ਡਿੱਗੀਆਂ ਫੁੱਲ ਡੋਡੀਆਂ 'ਚ ਸੁੰਡੀਆਂ ਦਾ ਹਮਲਾ। |

## ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਜ਼ਹਿਰਾਂ

| ਕੀੜੇ | ਕੀੜੇਮਾਰ ਜ਼ਹਿਰਾਂ | ਮਾਤਰਾ/ਏਕੜ | ਮਾਰਕਾ |
|---|---|---|---|
| ਤੇਲਾ | ਫਲੋਨਿਕਾਮਿਡ 50 ਡਬਲਯੂ ਜੀ | 80 ਗ੍ਰਾਮ | ਉਲਾਲਾ |
| | ਡਾਇਨੋਟੈਫੂਰਾਨ 20 ਐਸ ਜੀ | 60 ਗ੍ਰਾਮ | ਉਸ਼ੀਨ |
| | ਥਾਇਆਮੀਥਾਕਸਮ 25 ਡਬਲਯੂ ਜੀ | 40 ਗ੍ਰਾਮ | ਐਕਟਾਰਾ/ਐਕਸਟਰਾ ਸੁਪਰ/ ਦੋਤਾਰਾ/ਥੋਮਸਨ |
| | ਇਮੀਡਾਕਲੋਪਰਿਡ 17.8 ਐਸ ਐਲ | 40 ਮਿਲੀਲਿਟਰ | ਇਮੀਡਾਸੈਲ/ਮਾਰਕਡੋਰ/ਇਸੋਗਾਸ਼ੀ |
| | ਇਮੀਡਾਕਲੋਪਰਿਡ 200 ਐਸ ਐਲ | 40 ਮਿਲੀਲਿਟਰ | ਕੋਨਫੀਡੋਰ |
| | ਇਮੀਡਾਕਲੋਪਰਿਡ 555 | 40 ਮਿਲੀਲਿਟਰ | ਕੋਨਫੀਡੈਂਸ |
| ਚਿੱਟੀ ਮੱਖੀ | ਫਲੋਨਿਕਾਮਿਡ 50 ਡਬਲਯੂ ਜੀ | 80 ਗ੍ਰਾਮ | ਉਲਾਲਾ |
| | ਡਾਇਆਫੇਨਥੂਯੂਰੋਨ 50 ਡਬਲਯੂ ਪੀ | 200 ਗ੍ਰਾਮ | ਪੋਲੋ/ਕਰੇਜ਼/ਰੂਬੀ/ਲੂਡੋ/ਸ਼ੋਕੂ |
| | ਪਾਈਰੀਪਰੋਕਸੀਫਿਨ 10 ਈ ਸੀ | 500 ਮਿਲੀਲਿਟਰ | ਲੈਨੋ |
| | ਸਪੈਰੋਮੈਸੀਫਿਨ 22.9 ਐਸ ਸੀ | 200 ਮਿਲੀਲਿਟਰ | ਓਬਰੇਨ/ਵੋਲਟੇਜ਼ |
| | ਡਾਇਨੋਟੈਫੂਰਾਨ 20 ਐਸ ਜੀ | 60 ਗ੍ਰਾਮ | ਉਸ਼ੀਨ |
| | ਬੂਪਰੋਫੈਜ਼ਿਨ 25 ਐਸ ਸੀ | 400 ਮਿਲੀਲਿਟਰ | ਅਪਲੋਡ |
| | ਕਲੋਥੀਅਨਡਿਨ 50 ਡਬਲਯੂ ਜੀ | 20 ਗ੍ਰਾਮ | ਡੈਂਟੋਟਸੂ |
| | ਈਥੀਆਨ 50 ਈ ਸੀ | 800 ਮਿਲੀਲਿਟਰ | ਫੋਸਮਾਈਟ/ਈ-ਮਾਈਟ/ਵੋਲਥੀਆਨ/ਗੋਲਡ ਮਿਟ |
| | ਨਿੰਮ ਅਧਾਰਿਤ ਕੀਟਨਾਸ਼ਕ | 1.0 ਲਿਟਰ | ਨਿੰਬੀਸੀਡੀਨ ਜਾਂ ਅਚੂਕ |
| | ਘਰ ਬਣਾਇਆ ਨਿੰਮ ਦਾ ਘੋਲ | 1200 ਮਿਲੀਲਿਟਰ | ਨਿੰਮ ਦਾ ਘੋਲ |
| ਭੂਰੀ ਜੂੰ (ਥਰਿਪ) | ਸਪਾਈਨੋਟਰਮ 11.7 ਐਸ ਸੀ | 170 ਮਿਲੀਲਿਟਰ | ਡੈਲੀਗੇਟ |
| | ਪ੍ਰੋਫੈਨੋਫਾਸ 50 ਈ ਸੀ | 500 ਮਿਲੀਲਿਟਰ | ਕਿਊਰਾਕਰੋਨ |
| | ਡਾਇਆਫੈਨਥੂਯੂਰੋਨ 50 ਡਬਲਯੂ ਪੀ | 200 ਗ੍ਰਾਮ | ਪੋਲੋ |
| ਮੀਲੀ ਬੱਗ | ਬੁਪਰੋਫੇਜ਼ਿਨ 25 ਐਸ ਸੀ | 500 ਮਿਲੀਲਿਟਰ | ਅਪਲੋਡ/ਟ੍ਰਿਬਿਊਨ |

## ਜਰੂਰੀ ਨੁਕਤੇ

- ਲੈਨੋ ਜਾਂ ਉਬਰੇਨ/ਵੋਲਟੇਜ਼ ਕੀਟਨਾਸ਼ਕ ਚਿੱਟੀ ਮੱਖੀ ਦੇ ਬੱਚਿਆਂ ਲਈ ਜ਼ਿਆਦਾ ਅਸਰਦਾਰ ਹਨ। ਇਨ੍ਹਾਂ ਕੀਟਨਾਸ਼ਕਾਂ ਦਾ ਅਸਰ ਦੇਖਣ ਲਈ 5 ਤੋਂ 7 ਦਿਨ ਦਾ ਇੰਤਜ਼ਾਰ ਕਰੋ।
- ਅਪਲੋਡ/ਟ੍ਰਿਬਿਊਨ ਕੀਟਨਾਸ਼ਕ ਮਿੱਤਰ ਕੀੜਿਆਂ ਨੂੰ ਨਹੀਂ ਮਾਰਦਾ।
- ਫ਼ਸਲ ਦੀ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦੇ ਹਮਲੇ ਹੋਣ ਤੇ ਇੱਕ ਤੋਂ ਦੋ ਛਿੜਕਾਅ ਇੱਕ ਲਿਟਰ ਨਿੰਬੀਸੀਡੀਨ ਜਾਂ ਅਚੂਕ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ।
- ਨਿੰਮ ਦਾ ਘੋਲ ਘਰ ਤਿਆਰ ਕਰਨ ਲਈ ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।
- ਭੂਰੀ ਜੂੰ (ਥਰਿਪ) ਦੀ ਰੋਕਥਾਮ ਲਈ ਪਹਿਲੇ 30 ਦਿਨ ਤੱਕ ਕਿਸੇ ਵੀ ਕੀਟਨਾਸ਼ਕ ਦਾ ਛਿੜਕਾਅ ਨਾਂ ਕਰੋ। ਜੇਕਰ ਥਰਿਪ ਦਾ ਹਮਲਾ ਨਜ਼ਰ ਆਵੇ ਤਾਂ ਤੁਰੰਤ ਖੇਤ ਨੂੰ ਪਾਣੀ ਲਾ ਦਿਉ।
- ਨਰਮੇਂ ਦੀ ਬਿਜਾਈ ਤੋਂ ਪਹਿਲਾਂ ਖੇਤਾਂ ਦੁਆਲੇ ਵੱਟਾਂ, ਖਾਲਿਆਂ, ਖਾਲੀ ਥਾਵਾਂ ਚ' ਉੱਗੇ ਹੋਏ ਨਦੀਨਾਂ ਨੂੰ ਨਸ਼ਟ ਕਰੋ ਤਾਂ ਜੋ ਚਿੱਟੀ ਮੱਖੀ ਅਤੇ ਹੋਰ ਹਾਨੀਕਾਰਕ ਕੀੜਿਆਂ ਦਾ ਹਮਲਾ ਘੱਟ ਹੋਵੇ।
- ਚਿੱਟੀ ਮੱਖੀ ਦੇ ਹਮਲੇ ਨੂੰ ਘੱਟ ਕਰਨ ਲਈ ਨਰਮੇਂ ਦੇ ਆਲੇ ਦੁਆਲੇ ਦੋ ਕਤਾਰਾਂ ਬਾਜਰਾ ਜਾਂ ਜਵਾਰ ਜਾਂ ਮੱਕੀ ਦੀਆਂ ਜ਼ਰੂਰ ਬੀਜੋ।
- ਚਿੱਟੀ ਮੱਖੀ ਤੇ ਕਾਬੂ ਪਾਉਣ ਲਈ ਕੀਟ ਨਾਸ਼ਕ ਦਾ ਛਿੜਕਾਅ ਉਦੋਂ ਸ਼ੁਰੂ ਕਰੋ ਜਦ ਪੌਦਿਆਂ ਦੇ ਉਪਰਲੇ ਹਿੱਸੇ ਵਿੱਚ ਸਵੇਰੇ 10 ਵਜੇ ਤੋਂ ਪਹਿਲਾਂ ਇਸਦੀ ਗਿਣਤੀ 6 ਪ੍ਰਤੀ ਪੱਤਾ ਜਾਂ ਇਸ ਤੋਂ ਵੱਧ ਹੋਵੇ।
- ਸਿਫਾਰਸ਼ ਕੀਤੇ ਕੀਟ ਨਾਸ਼ਕ ਬਦਲ ਬਦਲ ਕੇ ਸਹੀ ਮਾਤ੍ਰਾ ਵਿੱਚ ਸਹੀ ਸਮੇਂ ਹੋਲੋਕੋਨ ਨੋਜ਼ਲ ਵਾਲੇ ਪਿੱਠੂ ਪੰਪ ਜਾਂ ਟਰੈਕਟਰ ਨਾਲ ਚੱਲਣ ਵਾਲੇ ਪੰਪ ਨਾਲ ਬੂਟਿਆਂ ਦੇ ਉੱਪਰ ਤੋਂ ਹੇਠਾਂ ਤੱਕ ਸਾਰੇ ਪੱਤਿਆਂ ਤੇ ਕਰੋ।
- ਚਿੱਟੀ ਮੱਖੀ ਅਤੇ ਮੀਲੀਬੱਗ ਲਈ ਫਿਕਸ ਟਾਈਪ ਕੋਨ ਨੋਜ਼ਲ ਦੀ ਵਰਤੋਂ ਕਰੋ ਅਤੇ ਬੂਟੇ ਦੇ ਉੱਪਰ ਤੋਂ ਹੇਠਾਂ ਤੱਕ ਸਾਰੇ ਪੱਤਿਆਂ ਤੇ ਛਿੜਕਾਅ ਪਹੁੰਚਣਾ ਬਹੁਤ ਜ਼ਰੂਰੀ ਹੈ।
- ਛਿੜਕਾਅ ਹਮੇਸ਼ਾ ਦੁਪਿਹਰ 12 ਵਜੇ ਤੋਂ ਪਹਿਲਾਂ ਜਾਂ ਸ਼ਾਮ ਵੇਲੇ ਕਰੋ।
- ਸਮੇਂ ਸਿਰ ਬਿਜਾਈ, ਖਾਦਾਂ ਅਤੇ ਪਾਣੀ ਦੀ ਸੁਚੱਜੀ ਵਰਤੋਂ, ਸਹੀ ਫਾਸਲਾ ਅਤੇ ਫਸਲ ਦੀ ਚੰਗੀ ਸਾਂਭ ਸੰਭਾਲ ਸ਼ੁਰੂਆਤੀ ਦੌਰ ਵਿੱਚ ਕੀੜਿਆਂ ਨੂੰ ਵੱਧਣ ਤੋਂ ਰੋਕਦੀ ਹੈ ਅਤੇ ਮਿੱਤਰ ਕੀੜਿਆਂ ਨੂੰ ਬਚਾਉਂਦੀ ਹੈ।
- ਇੱਕੋ ਗਰੁੱਪ ਦੀਆਂ ਕੀਟਨਾਸ਼ਕਾਂ ਦਾ ਇੱਕ ਤੋਂ ਵੱਧ ਛਿੜਕਾਅ ਨਾ ਕਰੋ।

## ਤੰਬਾਕੂ ਦੀ ਸੁੰਡੀ ਦੀ ਰੋਕਥਾਮ

ਤੰਬਾਕੂ ਦੀ ਸੁੰਡੀ ਦੀ ਸਭ ਤੋਂ ਸੌਖੀ ਅਤੇ ਸਸਤੀ ਰੋਕਥਾਮ ਲਈ ਆਂਡੇ ਅਤੇ ਛੋਟੀਆਂ ਸੁੰਡੀਆਂ ਜੋ ਕਿ ਝੁੰਡਾਂ ਵਿੱਚ ਹੁੰਦੀਆਂ ਹਨ, ਨੂੰ ਪੱਤਿਆਂ ਸਮੇਤ ਜ਼ਮੀਨ ਵਿੱਚ ਦਬਾਅ ਕੇ ਨਸ਼ਟ ਕਰੋ। ਇਸ ਨਾਲ ਕੀੜੇ ਦਾ ਹਮਲਾ ਅੱਗੇ ਨਹੀ ਵੱਧਦਾ। ਤੰਬਾਕੂ ਸੁੰਡੀ ਲਈ ਸਲੀਵ / ਮੌਥ ਕੈਚ ਟਰੈਪ ਵਰਤੋ ਅਤੇ ਟਰੈਪ ਨੂੰ ਫ਼ਸਲ ਤੋਂ 15 ਸੈਂਟੀਮੀਟਰ ਉੱਚਾ ਰੱਖੋ। ਲਿਉਰ ਨੂੰ 15 ਦਿਨਾਂ ਬਾਅਦ ਬਦਲੋ ਅਤੇ ਦੋ ਟਰੈਪ ਪ੍ਰਤੀ ਹੈਕਟਰ ਵਰਤੋ।

## ਤੰਬਾਕੂ ਦੀ ਸੁੰਡੀ ਦੀ ਰੋਕਥਾਮ ਲਈ ਜ਼ਹਿਰਾਂ

| ਕੀੜੇਮਾਰ ਜ਼ਹਿਰਾਂ | ਮਾਤਰਾ/ਏਕੜ (100 ਲੀਟਰ ਪਾਣੀ ਵਿੱਚ) | ਮਾਰਕਾ |
|---|---|---|
| ਨੋਵਾਲਿਊਰਾਨ 10 ਈ ਸੀ | 150 ਮਿਲੀਲਿਟਰ | ਰੀਮੋਨ |
| ਕਲੋਰਐਂਟਰਾਨੀਲੀਪਰੋਲ 18.5 ਐਸ ਐਲ | 60 ਮਿਲੀਲਿਟਰ | ਕੋਰਾਜ਼ਿਨ |